# ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 03 ਅਗਸਤ 2026

----

ਕੁੱਲ ਪ੍ਰਸ਼ਨ - 10

----

### ਪਿੰਡਾਂ ਦੇ ਪੰਚਾਇਤ ਘਰਾਂ, ਸ਼ਮਸ਼ਾਨਘਾਟਾਂ ਅਤੇ ਕਬਰਿਸਤਾਨਾਂ ਦੇ ਵਿਕਾਸ ਲਈ ਜਾਰੀ ਕੀਤੀ ਰਾਸ਼ੀ ਦੇ ਵੇਰਵੇ

655 **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਗੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :=** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਜਗਰਾਉਂ ਬਲਾਕ ਅਧੀਨ ਪਿੰਡਾਂ ਦੇ ਪੰਚਾਇਤ ਘਰਾਂ, ਸ਼ਮਸ਼ਾਨਘਾਟਾਂ ਅਤੇ ਕਬਰਿਸਤਾਨਾਂ ਦੇ ਵਿਕਾਸ ਲਈ ਜਾਰੀ ਕੀਤੀ ਗਈ ਰਕਮ ਕਿੰਨੀ ਹੈ; ਪਿੰਡ ਵਾਈਜ਼ ਵੇਰਵੇ ਸਹਿਤ ਦੱਸਿਆ ਜਾਵੇ?

----

### ਜਗਰਾਉਂ ਨਗਰ ਕੌਂਸਲ ਦੀਆਂ ਨਾਜਾਇਜ਼ ਕਬਜ਼ੇ ਅਧੀਨ ਸੰਪਤੀਆਂ ਦੇ ਵੇਰਵੇ

663 **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ, ਸਥਾਨਕ ਸਰਕਾਰਾਂ ਵਿਭਾਗ :=** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਉਂ ਨਗਰ ਕੌਂਸਲ ਦੀਆਂ ਕਿੰਨੀਆਂ ਸੰਪਤੀਆਂ ਇਸ ਸਮੇਂ ਨਾਜਾਇਜ਼ ਕਬਜ਼ੇ ਹੇਠ ਹਨ ਅਤੇ ਉਨ੍ਹਾਂ ਨੂੰ ਖਾਲ੍ਹੀ ਕਰਵਾਉਣ ਲਈ ਪਿਛਲੇ ਤਿੰਨ ਸਾਲਾਂ ਵਿੱਚ ਕੀ ਕਾਰਵਾਈ ਕੀਤੀ ਗਈ ਹੈ;ਵੇਰਵੇ ਸਹਿਤ ਦੱਸਿਆ ਜਾਵੇ ?

----

## ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀਆਂ ਜਾਬਜ਼ ਰਿਸਪਾਂਸਿਬਿਲੀਟੀਜ਼/ਪਦਉਨਤੀ ਦੇ ਵੇਰਵੇ

664 ਸਰਦਾਰ ਸ. ਮਨਜੀਤ ਸਿੰਘ ਬਿਲਾਸਪੁਰ(ਨਿਹਾਲ ਸਿੰਘ ਵਾਲਾ) :

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**
ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀਆਂ ਅਸਾਮੀਆਂ ਦੀ ਜਾਬਜ਼ ਰਿਸਪਾਂਸਿਬਿਲੀਟੀਜ਼ ਕੀ ਹਨ;

ਅ) ਉਨ੍ਹਾਂ ਦੇ ਕਾਰਜ ਖੇਤਰ ਵਿਚ ਕਿਹੜੇ-ਕਿਹੜੇ ਕੰਮ ਅਤੇ ਡਿਊਟੀਆਂ ਸ਼ਾਮਲ ਹਨ; ਕੀ ਇਸ ਸਬੰਧੀ ਕੋਈ ਸਰਕਾਰੀ ਪੱਤਰ, ਨਿਯਮ ਜਾਂ ਨੋਟੀਫਿਕੇਸ਼ਨ ਦਾ ਲਿਖਤੀ ਰਿਕਾਰਡ ਹੈ;

ੲ) ਰਾਜ ਵਿਚ ਮਲਟੀਪਰਪਜ਼ ਹੈਲਥ ਵਰਕਰਸ (ਫੀਮੇਲ) ਦੀ ਪਦਉਨਤੀ ਦੇ ਚੈਨਲਜ਼ ਕੀ ਹਨ; ਕੀ ਇਸ ਸਬੰਧੀ ਕੋਈ ਸਰਕਾਰੀ ਪੱਤਰ, ਨਿਯਮ ਜਾਂ ਨੋਟੀਫਿਕੇਸ਼ਨ ਦਾ ਲਿਖਤੀ ਰਿਕਾਰਡ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## 14ਵੀਂ ਅਤੇ 15ਵੀਂ ਵਿੱਤ ਆਯੋਗ ਗ੍ਰਾਂਟਾਂ ਤਹਿਤ ਅਲਾਟ ਕੀਤੀ ਰਕਮ ਦੇ ਵੇਰਵੇ

667 ਸ. ਗੁਰਦਿੱਤ ਸਿੰਘ (ਫਰੀਦਕੋਟ):

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :=** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਫਰੀਦਕੋਟ ਵਿੱਚ 14ਵੀਂ ਅਤੇ 15ਵੀਂ ਵਿੱਤ ਆਯੋਗ ਗ੍ਰਾਂਟਾਂ ਤਹਿਤ ਪਿੰਡਾਂ ਨੂੰ ਕਿੰਨੀ ਰਕਮ ਅਲਾਟ ਹੋਈ, ਕਿੰਨੀ ਰਕਮ ਖਰਚ ਹੋਈ, ਕਿੰਨੇ ਕੰਮ ਪੂਰੇ ਹੋਏ ਅਤੇ ਕਿੰਨੇ ਅਧੂਰੇ ਹਨ;ਪਿੰਡ-ਵਾਰ ਵੇਰਵੇ ਸਹਿਤ ਦੱਸਿਆ ਜਾਵੇ?

----

## ਜਗਰਾਓਂ ਬਲਾਕ ਦੀਆਂ ਪੰਚਾਇਤਾਂ ਦੇ ਆਡਿਟ ਦੇ ਵੇਰਵੇ

668 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):

**ਵਿੱਤ, ਯੋਜਨਾ, ਪ੍ਰੋਗਰਾਮ ਲਾਗੂ ਕਰਨ, ਆਬਕਾਰੀ ,ਕਰ ਟਰਾਂਸਪੋਰਟ :=** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਓਂ ਬਲਾਕ ਵਿੱਚ ਕਿੰਨੀਆਂ ਪੰਚਾਇਤਾਂ ਦਾ ਆਡਿਟ ਪੈਂਡਿੰਗ ਹੈ ਅਤੇ ਇਸ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਜਗਰਾਉਂ ਅਧੀਨ ਪੈਂਦੇ ਪਿੰਡ ਗਿੱਦੜਵਿੰਡੀ ਵਿੱਚੋਂ ਲੰਘਦੀ ਜੱਸੋਵਾਲ ਡਰੇਨ ਦੀਆਂ ਪਟੜੀਆਂ ਨੂੰ ਪੱਕਾ ਕਰਕੇ ਸੜਕ ਬਣਾਉਣਾ

669 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):

**ਖਾਣਾ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ :=** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਅਧੀਨ ਪੈਂਦੇ ਪਿੰਡ ਗਿੱਦੜਵਿੰਡੀ ਵਿੱਚੋਂ ਲੰਘਦੀ ਜੱਸੋਵਾਲ ਡਰੇਨ, ਜੋ ਕਿ ਪਿੰਡ ਸ਼ੇਰੇਵਾਲ ਕੋਲ ਜਾ ਕੇ ਸਤਲੁਜ ਦਰਿਆ ਵਿੱਚ ਪੈਂਦੀ ਹੈ, ਦੀਆਂ ਪਟੜੀਆਂ ਦੋਵੇਂ ਪਾਸੇ ਤੋਂ ਲਗਭੱਗ ਢਾਈ ਕਿਲੋ ਮੀਟਰ ਕੱਚੀਆਂ ਹਨ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੋਵੇਂ ਪਟੜੀਆਂ ਨੂੰ ਪੱਕਾ ਕਰਕੇ ਸੜਕ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਅੰਮ੍ਰਿਤਸਰ-ਖੇਮਕਰਨ ਰੇਲਵੇ ਸੈਕਸ਼ਨ ਉੱਤੇ ਸਥਿਤ ਰੇਲਵੇ ਕਰਾਸਿੰਗ ਨੰਬਰ B-27 ਵਿਖੇ ਰੇਲਵੇ ਓਵਰ ਬ੍ਰਿਜ਼ ਬਣਾਉਣਾ

670 **ਸਰਦਾਰ ਸ. ਹਰਮੀਤ ਸਿੰਘ ਸੰਧੂ (ਤਰਨ ਤਾਰਨ):**

**ਲੋਕ ਨਿਰਮਾਣ :-**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਅੰਮ੍ਰਿਤਸਰ-ਖੇਮਕਰਨ ਰੇਲਵੇ ਸੈਕਸ਼ਨ ਉੱਤੇ ਸਥਿਤ ਰੇਲਵੇ ਕਰਾਸਿੰਗ ਨੰਬਰ B-27 (ਜੰਡਿਆਲਾ ਰੋਡ ਤਰਨ ਤਾਰਨ, ਐੱਮ.ਸੀ. ਲਿਮਿਟ) ਵਿਖੇ ਰੇਲਵੇ ਓਵਰ ਬ੍ਰਿਜ਼ (ROB) ਬਣਾਉਣ ਦਾ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਉਕਤ ਰੇਲਵੇ ਓਵਰ ਬ੍ਰਿਜ਼ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ;

**ਅ**) ਕੀ ਉਕਤ ਪ੍ਰੋਜੈਕਟ ਸਬੰਧੀ ਟੈਂਡਰ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜੇਕਰ ਹਾਂ ਤਾਂ ਇਸ ਦੀ ਮੌਜੂਦਾ ਸਥਿਤੀ ਕੀ ਹੈ?

----

## ਪਿੰਡ ਪੱਖਰ ਵੱਡ ਤੋਂ ਦੀਨਾ ਸਾਹਿਬ ਤੱਕ ਸੜਕ ਬਣਾਉਣਾ

671 **ਸਰਦਾਰ ਸ. ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :=** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਪੱਖਰ ਵੱਡ ਤੋਂ ਦੀਨਾ ਸਾਹਿਬ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਬਿਲਾਸਪੁਰ ਬੱਸ ਸਟੈਂਡ ਤੋਂ ਰਾਮਾ ਪਿੰਡ ਤੱਕ ਸੜਕ ਬਣਾਉਣਾ

673 **ਸਰਦਾਰ ਸ. ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ):**

**ਲੋਕ ਨਿਰਮਾਣ :=** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਬਿਲਾਸਪੁਰ ਬੱਸ ਸਟੈਂਡ ਤੋਂ ਰਾਮਾ ਪਿੰਡ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸਨੂੰ ਬਣਾਉਣ/ਰੀਕਾਰਪੇਟਿੰਗ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

## ਪਿੰਡ ਚੂਹੜਚੱਕ ਨਵਾਂ ਦੀ ਫਿਰਨੀ ਬਣਾਉਣਾ

677 ਸਰਦਾਰ ਸ. ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ):

**ਲੋਕ ਨਿਰਮਾਣ** :– ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਚੂਹੜਚੱਕ ਨਵਾਂ ਦੀ ਫਿਰਨੀ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸਦੀ ਮੁਰੰਮਤ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**

**01 ਅਗਸਤ 2026.** **ਸਕੱਤਰ**